ਜੇਤੂ ਟੀਮ ਨੂੰ ਸਨਮਾਨਿਤ ਕਰਦੇ ਹੋਏ ਸਹਾਇਕ ਡਿਪਟੀ ਡਾਇਰੈਕਟਰ ਕੰਵਰ ਮਨਦੀਪ ਸਿੰਘ ਤੇ ਹੋਰ। ਅਜੀਤ ਤਸਵੀਰ

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ 2 ਰੋਜ਼ਾ ਇੰਟਰ ਕਾਲਜ ਤਲਵਾਰਬਾਜ਼ੀ ਮੁਕਾਬਲੇ ਸਮਾਪਤ

ਅੰਮ੍ਰਿਤਸਰ, 3 ਜਨਵਰੀ (ਸੁਰਿੰਦਰਪਾਲ ਸਿੰਘ ਵਰਪਾਲ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਹੋਏ ਦੋ ਰੋਜ਼ਾ ਇੰਟਰ ਕਾਲਜ ਤਲਵਾਰਬਾਜ਼ੀ ਮੁਕਾਬਲੇ ਦੇ ਪੁਰਸ਼ ਵਰਗ 'ਚ ਖਾਲਸਾ ਕਾਲਜ ਅੰਮ੍ਰਿਤਸਰ ਨੇ ਪਹਿਲਾ, ਲਾਇਲਪੁਰ ਖਾਲਸਾ ਕਾਲਜ ਜਲੰਧਰ ਨੇ ਦੂਜਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਨੇ ਤੀਜਾ ਜਦਕਿ ਮਹਿਲਾ ਵਰਗ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਮੇਨ ਕੈਂਪਸ ਦੀ ਟੀਮ ਨੇ ਪਹਿਲਾ, ਬੀਬੀਕੇ ਡੀਏਵੀ ਕਾਲਜ ਫਾਰ ਵਿਮੈਨ ਨੇ ਦੂਜਾ ਅਤੇ ਖਾਲਸਾ ਕਾਲਜ ਮੇਨ ਅੰਮ੍ਰਿਤਸਰ ਤੀਜਾ ਸਥਾਨ ਹਾਸਲ ਕੀਤਾ। ਇੱਪੀ ਟੀਮ ਮੁਕਾਬਲੇ ਦੌਰਾਨ ਜੀਐਨਡੀਯੂ ਮੇਨ ਕੈਂਪਸ ਨੇ ਪਹਿਲਾ, ਬੀਬੀਕੇ ਡੀਏਵੀ ਕਾਲਜ ਫਾਰ ਵਿਮੈਨ ਅੰਮ੍ਰਿਤਸਰ ਨੇ ਦੂਜਾ ਤੇ ਖਾਲਸਾ ਕਾਲਜ ਮੇਨ ਅੰਮ੍ਰਿਤਸਰ ਤੇ ਐਸਡੀਐਮ ਕਾਲਜ ਦੀਨਾ ਨਗਰ ਸਾਂਝੇ ਤੌਰ ਤੇ ਤੀਜਾ ਸਥਾਨ ਹਾਸਲ ਕੀਤਾ। ਇਸ ਦੌਰਾਨ ਸਹਾਇਕ ਡਿਪਟੀ ਡਾਇਰੈਕਟਰ ਸਪੋਰਟਸ ਕੰਵਰਮਨਦੀਪ ਸਿੰਘ ਨੇ ਜੇਤੂ ਟੀਮਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਪ੍ਰੋ. ਡਾ. ਦਲਜੀਤ ਸਿੰਘ, ਰਣਜੀਤ ਸਿੰਘ ਸੰਧੂ, ਸ਼ਰਦ ਕੁਮਾਰ, ਮਨਦੀਪ ਸਿੰਘ, ਰੰਜਨ, ਰਾਜਦੀਪ ਕੌਰ ਆਦਿ ਹਾਜ਼ਰ ਸਨ।

ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਦੀ ਖੇਲੋ ਇੰਡੀਆ ਯੂਨੀਵਰਸਿਟੀ ਬਾਕਸਿੰਗ ਮੁਕਾਬਲੇ ਲਈ ਚੋਣ

ਕਾਲਜ ਦੇ ਪੰਜੇ ਵਿਦਿਆਰਥੀ ਅਪ੍ਰੈਲ 'ਚ ਜਾਣਗੇ ਬੇਂਗਲੁਰੂ : ਪ੍ਰਿੰ: ਡਾ. ਮਹਿਲ ਸਿੰਘ

ਅੰਮ੍ਰਿਤਸਰ, 3 ਜਨਵਰੀ (ਹਰਮਿੰਦਰ ਸਿੰਘ)-ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ 24 ਦਸੰਬਰ ਤੋਂ 2 ਜਨਵਰੀ ਤੱਕ ਆਲ ਇੰਡੀਆ ਇੰਟਰ ਯੂਨੀਵਰਸਿਟੀ ਬਾਕਸਿੰਗ ਮੁਕਾਬਲੇ 'ਚ ਆਪਣੀ ਕਾਬਲੀਅਤ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 1 ਸੋਨੇ, 1 ਚਾਂਦੀ ਅਤੇ 1 ਤਾਂਬੇ ਦਾ ਤਗਮਾ ਆਪਣੇ ਨਾਂਅ 'ਤੇ ਦਰਜ ਕਰਵਾ ਕੇ ਕਾਲਜ ਅਤੇ ਜ਼ਿਲ੍ਹੇ ਦਾ ਨਾਂਅ ਰੌਸ਼ਨ ਕੀਤਾ ਹੈ। ਕਾਲਜ ਲਈ ਇਹ ਬੜੀ ਮਾਣ ਵਾਲੀ ਗੱਲ ਹੈ ਕਿ ਰਾਜਪਿੰਦਰ ਸਿੰਘ ਆਲ ਇੰਡੀਆ ਇੰਟਰ ਯੂਨੀਵਰਸਿਟੀ 'ਚੋਂ 54 ਕਿਲੋ 'ਚ 2 ਵਾਰ ਗੋਲਡ ਹਾਸਲ ਕਰਨ ਦਾ ਖਿਤਾਬ ਬਣਾਇਆ ਹੈ। ਵਿਦਿਆਰਥੀਆਂ ਦੀ ਜਿੱਤ 'ਤੇ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਖੁਸ਼ੀ ਸਾਂਝੀ ਕਰਦੇ ਹੋਏ ਦੱਸਿਆ ਕਿ ਵਿਦਿਆਰਥੀ ਰਾਜਪਿੰਦਰ ਸਿੰਘ ਨੇ 54 ਕਿਲੋ 'ਚ ਗੋਲਡ, ਕਾਰਤਿਕ ਨੇ 28 ਕਿਲੋ 'ਚ ਚਾਂਦੀ ਅਤੇ ਅਮਰਜੀਤ ਨੇ 51 ਕਿਲੋ 'ਚ ਤਾਂਬੇ ਦਾ ਤਗਮਾ ਹਾਸਲ ਕੀਤਾ ਜਦਕਿ ਤਿੰਦਰਪਾਲ ਸਿੰਘ ਨੇ 75 ਕਿਲੋ ਅਤੇ ਜੈਦੀਪ ਸਿੰਘ ਨੇ 63.5 ਕਿਲੋ 'ਚ ਕੁਆਟਰ ਫਾਈਲ 'ਚ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕਿ ਉਕਤ ਕਾਲਜ ਦੇ ਪੰਜੇ ਖਿਡਾਰੀਆਂ ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਅਗਵਾਈ ਹੇਠ ਟੀਮ 'ਚ ਬੇਂਗਲੁਰੂ ਵਿਖੇ ਅਪ੍ਰੈਲ 'ਚ ਹੋਣ ਜਾ ਰਹੀ ਖੇਲੋ ਇੰਡੀਆ ਯੂਨੀਵਰਸਿਟੀ ਬਾਕਸਿੰਗ ਮੁਕਾਬਲੇ ਲਈ ਚੋਣ ਕੀਤੀ ਗਈ ਹੈ। ਇਸ ਮੌਕੇ ਪ੍ਰਿੰ: ਡਾ. ਮਹਿਲ ਸਿੰਘ ਨੇ ਖਿਡਾਰੀਆਂ ਦੀ ਹੌਸਲਾ ਅਫ਼ਜਾਈ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਇਸ ਜਿੱਤ ਨੇ ਗੌਰਵਮਈ ਇਤਿਹਾਸ ਵਾਲੇ ਖ਼ਾਲਸਾ ਕਾਲਜ ਦਾ ਸਿਰ ਮਾਣ ਨਾਲ ਹੋਰ ਉੱਚਾ ਕਰ ਦਿੱਤਾ ਹੈ। ਉਨ੍ਹਾਂ ਨੇ ਸਪੋਰਟਸ ਵਿਭਾਗ ਦੇ ਮੁਖੀ ਡਾ. ਦਲਜੀਤ ਸਿੰਘ, ਬਾਕਸਿੰਗ ਕੋਚ ਬਲਜਿੰਦਰ ਸਿੰਘ ਆਦਿ ਨਾਲ ਵੀ ਖੁਸ਼ੀ ਸਾਂਝੀ ਕੀਤੀ।

ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਜੇਤੂ ਵਿਦਿਆਰਥੀਆਂ ਅਤੇ ਸਟਾਫ ਨਾਲ। ਅਜੀਤ ਤਸਵੀਰ

ਅੰਮ੍ਰਿਤਸਰ ਪੁਲਿਸ ਕਮਿਸ਼ਨਰੇਟ 'ਚ ਨਵ ਨਿਯੁਕਤ ਡੀ.ਸੀ.ਪੀ. ਸਥਾਨਿਕ ਸੂਬਾ ਸਿੰਘ ਰੰਧਾਵਾ ਜਿਨ੍ਹਾਂ ਇੱਥੇ ਆਪਣੇ ਅਹੁਦੇ ਦਾ ਕਾਰਜਭਾਰ ਸੰਭਾਲ ਲਿਆ ਹੈ।

ਚੀਫ ਖਾਲਸਾ ਦੀਵਾਨ ਦੇ ਸਾਬਕਾ ਮੀਤ ਪ੍ਰਧਾਨ ਸਵ: ਇੰਦਰਪ੍ਰੀਤ ਸਿੰਘ ਚੱਢਾ ਦੀ ਚੌਥੀ ਬਰਸੀ ਮੌਕੇ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਹੋਏ ਧਾਰਮਿਕ ਸਮਾਗਮ ਮੌਕੇ ਰਾਗੀ ਸਿੰਘਾਂ ਦਾ ਜਥਾ ਕੀਰਤਨ ਕਰਦਾ ਹੋਇਆ।ਇਸ ਮੌਕੇ ਡੀ.ਸੀ. ਗੁਰਪ੍ਰੀਤ ਸਿੰਘ ਖਹਿਰਾ ਤੇ ਹਰਪ੍ਰੀਤ ਸਿੰਘ ਅਨਮੋਲ ਚੱਢਾ ਤੇ ਹੋਰ ਸ਼ਖ਼ਸੀਅਤਾਂ ਕੀਰਤਨ ਸਰਵਨ ਕਰਦੀਆਂ ਹੋਈਆਂ। ਤਸਵੀਰ : ਨਿਰਮਲ ਸਟੂਡੀਓ

ਨਿਊ ਅੰਮ੍ਰਿਤਸਰ ਵਿਖੇ 'ਧੀ ਪੰਜਾਬ ਦੀ ਆਪਣਾ ਹੱਕ ਜਾਣਦੀ' ਤਹਿਤ ਕਰਵਾਇਆ ਪ੍ਰੋਗਰਾਮ

ਸੁਲਤਾਨਵਿੰਡ, 3 ਜਨਵਰੀ (ਗੁਰਨਾਮ ਸਿੰਘ ਬੁੱਟਰ)-ਭਾਈ ਗੁਰਦਾਸ ਨਗਰ ਬੀ ਬਲਾਕ ਨਿਊ ਅੰਮ੍ਰਿਤਸਰ ਵਿਖੇ ਮਹਿਲਾ ਕਾਂਗਰਸ ਵਲੋਂ ਚਲਾਈ ਗਈ ਮੁਹਿੰਮ 'ਧੀ ਪੰਜਾਬ ਦੀ ਆਪਣਾ ਹੱਕ ਜਾਣਦੀ' ਪ੍ਰੋਗਰਾਮ ਮਹਿਲਾ ਕਾਂਗਰਸ ਦੀ ਜ਼ਿਲ੍ਹਾ ਪ੍ਰਧਾਨ ਮੈਡਮ ਸ਼ਿਵਾਨੀ ਦੀ ਅਗਵਾਈ ਹੇਠ ਕਰਵਾਇਆ ਗਿਆ ਜਿਸ ਵਿਚ ਮੈਡਮ ਨਵਜੋਤ ਕੌਰ ਸਿੱਧੂ ਅਤੇ ਪੰਜਾਬ ਪ੍ਰਧਾਨ ਬਲਬੀਰ ਕੌਰ ਰਾਣੀ ਸੋਢੀ ਮੁੱਖ ਮਹਿਮਾਨ ਵਜੋਂ ਪਹੁੰਚੇ। ਔਰਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਮੈਡਮ ਨਵਜੋਤ ਕੌਰ ਸਿੱਧੂ ਅਤੇ ਪੰਜਾਬ ਪ੍ਰਧਾਨ ਬਲਬੀਰ ਕੌਰ ਸੋਢੀ ਨੇ ਮਹਿਲਾ ਕਾਂਗਰਸ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਲਾਮਬੰਦ ਕੀਤਾ ਅਤੇ ਕਿਹਾ ਕਿ ਔਰਤਾਂ ਵੀ ਮਰਦਾਂ ਵਾਗ ਹਰ ਇੱਕ ਕੰਮ 'ਚ ਹਿੱਸਾ ਲੈ ਕੇ ਪੰਜਾਬ ਦਾ ਨਾਂਅ ਰੌਸ਼ਨ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਆਪਣਾ ਹੱਕ ਮੰਗਣ ਲਈ ਕਿਸੇ ਸਿਫਾਰਸ਼ ਦੀ ਲੋੜ ਨਹੀਂ ਹੈ ਸਗੋਂ ਉਨ੍ਹਾਂ ਨੂੰ ਆਪਣੇ ਹੱਥੀਂ ਮਿਹਨਤ ਕਰਨੀ ਚਾਹੀਦੀ ਹੈ ਤਾਂ ਜੋ ਉਹ ਵੀ ਆਪਣੇ ਪੈਰਾਂ 'ਤੇ ਖੜੀਆਂ ਹੋ ਸਕਣ। ਇਸ ਮੌਕੇ ਔਰਤਾਂ ਨੂੰ ਸਿਲਾਈ ਮਸ਼ੀਨਾਂ ਵੀ ਵੰਡੀਆ ਗਈਆਂ। ਇਸ ਮੌਕੇ ਪਲਵਿੰਦਰ ਕੌਰ, ਗੁਰਜੀਤ ਕੌਰ, ਸ਼ਾਰਦਾ ਸ਼ਿੰਗਾਰੀ, ਪੁਸ਼ਪਿੰਦਰ ਕੌਰ, ਰੇਨੂੰ ਸ਼ਰਮਾ, ਸੁਦਾ ਅਗਰਵਾਲ, ਚੇਅਰਮੈਨ ਰੁਪਿੰਦਰ ਕੌਰ, ਮੀਨੂੰ ਸ਼ਰਮਾ, ਸੰਤੋਸ਼ ਕੁਮਾਰੀ, ਕਵਲਜੀਤ ਕੌਰ, ਚਰਨਜੀਤ ਕੌਰ, ਸੁਰਿੰਦਰ ਕੌਰ, ਕਵਲਜੀਤ ਕੌਰ, ਲਖਵਿੰਦਰ ਕੌਰ, ਜਸਲੀਨ ਕੌਰ, ਰਾਜ ਕੌਰ, ਜਸਬੀਰ ਕੌਰ, ਸਤਨਾਮ ਕੌਰ, ਬਲਜੀਤ ਕੌਰ, ਡਿੰਪਲ ਸਮੇਤ ਭਾਰੀ ਗਿਣਤੀ 'ਚ ਔਰਤਾਂ ਸ਼ਾਮਲ ਸਨ।

ਨਿਊ ਅੰਮ੍ਰਿਤਸਰ ਵਿਖੇ ਧੀ ਪੰਜਾਬ ਦੀ ਦੇ ਪ੍ਰੋਗਰਾਮ ਦੌਰਾਨ ਮੈਡਮ ਨਵਜੋਤ ਕੌਰ ਸਿੱਧੂ ਤੇ ਬਲਬੀਰ ਕੌਰ ਸੋਢੀ ਨੂੰ ਸਨਮਾਨਿਤ ਕਰਦੇ ਹੋਏ ਪ੍ਰਧਾਨ ਸ਼ਿਵਾਨੀ ਸ਼ਰਮਾ, ਗੁਰਮੀਤ ਕੌਰ ਪੁਸ਼ਪਿੰਦਰ ਕੌਰ ਅਤੇ ਹੋਰ। ਤਸਵੀਰ : ਬੁੱਟਰ

ਹਲਕਾ ਪੱਛਮੀ ਤੋਂ 'ਆਪ' ਦੇ ਉਮੀਦਵਾਰ ਡਾ: ਜਸਬੀਰ ਸਿੰਘ ਸੰਧੂ ਨੂੰ ਸਨਮਾਨਿਤ ਕਰਦੇ ਹੋਏ ਵਰਿੰਦਰ ਸਿੰਘ ਮੱਟੂ ਅਤੇ ਹੋਰ। ਤਸਵੀਰ : ਵਿਰਦੀ

ਹਲਕਾ ਪੱਛਮੀ ਤੋਂ 'ਆਪ' ਉਮੀਦਵਾਰ ਡਾ: ਸੰਧੂ ਨੂੰ ਮਿਲ ਰਿਹੈ ਭਰਵਾਂ ਹੁੰਗਾਰਾ

ਛੇਹਰਟਾ, 3 ਜਨਵਰੀ (ਸੁਰਿੰਦਰ ਸਿੰਘ ਵਿਰਦੀ)-ਆਮ ਆਦਮੀ ਪਾਰਟੀ ਵਲੋਂ ਇਮਾਨਦਾਰ ਤੇ ਪੜ੍ਹੇ ਲਿਖੇ ਜੁਝਾਰੂ ਵਰਕਰ ਡਾ: ਜਸਬੀਰ ਸਿੰਘ ਸੰਧੂ ਨੂੰ ਹਲਕਾ ਪੱਛਮੀ ਤੋਂ ਉਮੀਦਵਾਰ ਐਲਾਨਣ ਦੀ ਖੁਸ਼ੀ 'ਚ ਦਲਿਤ ਸੁਰੱਖਿਆ ਸੈਨਾ ਵਲੋਂ ਜ਼ਿਲ੍ਹਾ ਵਾਈਸ ਪ੍ਰਧਾਨ ਵਰਿੰਦਰ ਸਿੰਘ ਮੱਟੂ ਦੀ ਅਗਵਾਈ ਹੇਠ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਰਿੰਦਰ ਸਿੰਘ ਨੇ ਕਿਹਾ ਕਿ ਡਾ: ਜਸਬੀਰ ਸਿੰਘ ਸੰਧੂ ਬੇਹੱਦ ਇਮਾਨਦਾਰ ਤੇ ਮਿਲਣਸਾਰ ਲੀਡਰ ਹਨ। ਉਨ੍ਹਾਂ ਕਿਹਾ ਕਿ ਆਪ ਪਾਰਟੀ ਨੇ ਡਾ: ਜਸਬੀਰ ਸਿੰਘ ਸੰਧੂ ਨੂੰ ਟਿਕਟ ਦੇ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਆਮ ਆਦਮੀ ਦੀ ਪਾਰਟੀ ਹੈ। ਉਨ੍ਹਾਂ ਕਿਹਾ ਕਿ ਹਲਕਾ ਪੱਛਮੀ ਤੋਂ ਡਾ: ਜਸਬੀਰ ਸਿੰਘ ਸੰਧੂ ਨੂੰ ਵੱਡੀ ਲੀਡ ਨਾਲ ਜਿੱਤਾਉਣ ਲਈ ਦਲਿਤ ਸੁਰੱਖਿਆ ਸੈਨਾ ਵਲੋਂ ਪੂਰਾ ਸਮਰੱਥਣ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਹਰਪ੍ਰੀਤ ਸਿੰਘ ਬੇਦੀ, ਸੁਖਵਿੰਦਰ ਸਿੰਘ, ਕੁਲਬੀਰ ਸਿੰਘ ਮਾਨ, ਮਨੀ, ਹਰਪ੍ਰੀਤ ਸਿੰਘ ਬੇਦੀ, ਸੁਖਵਿੰਦਰ ਸਿੰਘ, ਕੁਲਬੀਰ ਮਾਨ, ਲੱਕੀ, ਗੋਰੀ, ਗੋਪੀ ਕੋਟ ਖ਼ਾਲਸਾ, ਅਜੇ ਕੋਟ ਖ਼ਾਲਸਾ, ਅਮਰਜੀਤ ਸਿੰਘ ਸ਼ੇਰਗਿੱਲ, ਹਿੰਮਤ ਕਲਿਆਣ, ਮੰਗਲ ਸੰਧੂ, ਇੰਜੀ: ਵਰਿਆਮ ਸਿੰਘ, ਕਰਮਜੀਤ ਸਿੰਘ, ਸੁਨੀਲ ਕੁਮਾਰ, ਕਵਲਜੀਤ ਸਿੰਘ ਰਿੰਪੀ, ਹਰਜੀਤ ਸਿੰਘ ਅਰੋੜਾ, ਰਾਜਨ, ਨੋਨੀ, ਮਨਦੀਪ, ਰੋਮੀ, ਅੰਮ੍ਰਿਤਪਾਲ ਸਿੰਘ, ਕੁਲਵੰਤ ਸਿੰਘ ਵਡਾਲੀ, ਗੋਰਾ ਪਹਿਲਵਾਨ, ਮੋਤੀ ਲਾਲ ਆਦਿ ਹਾਜ਼ਰ ਸਨ।

ਪਿੰਗਲਵਾੜਾ ਸੰਸਥਾ ਦੀ ਮੁਖੀ ਡਾ: ਇੰਦਰਜੀਤ ਕੌਰ ਨੇ ਮੁੱਖ ਮੰਤਰੀ ਨੂੰ ਲਿਖਿਆ ਪੱਤਰ

ਬੱਚਿਆਂ ਲਈ ਸਕੂਲ ਖੋਲ੍ਹਣ ਤੇ ਨੌਕਰੀਆਂ 'ਚ ਰਾਖਵੀਆਂ ਸੀਟਾਂ ਰੱਖਣ ਦੀ ਕੀਤੀ ਮੰਗ

ਅੰਮ੍ਰਿਤਸਰ, 3 ਜਨਵਰੀ (ਹਰਮਿੰਦਰ ਸਿੰਘ)-ਭਗਤ ਪੂਰਨ ਸਿੰਘ ਪਿੰਗਲਵਾੜਾ ਦੀ ਮੁਖੀ ਡਾ: ਇੰਦਰਜੀਤ ਕੌਰ ਨੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਇਕ ਪੱਤਰ ਲਿਖ ਕੇ ਸੁਣਨ ਤੋਂ ਅਸਮਰਥ (ਬੋਲੇ) ਬੱਚਿਆਂ ਲਈ ਸਕੂਲ ਬਣਾਉਣ ਅਤੇ ਸਰਕਾਰੀ ਨੌਕਰੀਆਂ 'ਚ ਰਾਖਵਾਂਕਰਨ ਦੀ ਮੰਗ ਕੀਤੀ ਹੈ। ਡਾ: ਇੰਦਰਜੀਤ ਕੌਰ ਨੇ ਆਪਣੇ ਪੱਤਰ ਵਿਚ ਕਿਹਾ ਕਿ 2011 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਵਿਚ ਸੁਣਨ ਦੀ ਸਮਰਥਾ ਤੋਂ ਹੀਣੇ ਲੋਕਾਂ ਦੀ ਗਿਣਤੀ 1,46696 ਹੈ। ਇਨ੍ਹਾਂ 'ਚੋਂ ਪੇਂਡੂ ਇਲਾਕਿਆਂ 'ਚ ਗਿਣਤੀ 83735 ਹੈ। ਇਸ ਹਿਸਾਬ ਨਾਲ ਹਰੇਕ ਪਿੰਡ ਵਿਚ ਬੋਲਿਆਂ ਦੀ ਗਿਣਤੀ 6 ਤੋਂ 7 ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ 22 ਜ਼ਿਲ੍ਹੇ ਹਨ ਜਿਨ੍ਹਾਂ 'ਚੋਂ 14 ਜ਼ਿਲ੍ਹਿਆਂ ਵਿਚ ਇਹ 22 ਸਕੂਲ ਪੈਂਦੇ ਹਨ ਜਦਕਿ 8 ਜ਼ਿਲ੍ਹਿਆਂ 'ਚ ਇਕ ਵੀ ਸਕੂਲ ਨਹੀਂ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ 22 ਸਕੂਲਾਂ 'ਚੋਂ 5 ਸਕੂਲ ਪਿੰਗਲਵਾੜਾ ਸੰਸਥਾ ਵਲੋਂ ਚਲਾਏ ਜਾ ਰਹੇ ਹਨ ਜਦਕਿ ਬਾਕੀ ਸਕੂਲ ਜਾਂ ਤਾਂ ਰੈੱਡ ਕਰਾਸ ਸੁਸਾਇਟੀ ਜਾਂ ਦੂਸਰੀਆਂ ਗੈਰ ਸਰਕਾਰੀ ਸੰਸਥਾਵਾਂ ਵਲੋਂ ਚਲਾਏ ਜਾ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਬੋਲੇ ਬੱਚਿਆਂ ਲਈ ਸਕੂਲਾਂ ਦਾ ਯੋਗ ਪ੍ਰਬੰਧ ਕੀਤਾ ਜਾਵੇ ਤਾਂ ਜੋ ਪੰਜਾਬ ਦੇ ਹਰ ਬੱਚੇ ਨੂੰ ਯੋਗ ਅਤੇ ਮੁਫ਼ਤ ਵਿੱਦਿਆ ਮਿਲ ਸਕੇ, ਸਰਕਾਰੀ ਨੌਕਰੀਆਂ ਵਿਚ ਇਨ੍ਹਾਂ ਬੱਚਿਆਂ ਦੀ ਵਿੱਦਿਅਕ ਯੋਗਤਾ ਅਨੁਸਾਰ ਰਾਖਵਾਕਰਨ ਕੀਤਾ ਜਾਵੇ।

ਗਾਂਧੀ ਗਰਾਊਂਡ ਵਿਖੇ ਆਰ. ਸੀ. ਸੀ. ਕ੍ਰਿਕਟ ਟਰਾਇਲ 7 ਨੂੰ

ਅੰਮ੍ਰਿਤਸਰ, 3 ਜਨਵਰੀ (ਰੇਸ਼ਮ ਸਿੰਘ)-ਅੰਮ੍ਰਿਤਸਰ ਗੇਮਜ ਐਸੋਸੀਏਸ਼ਨ ਵਲੋਂ ਆਰ. ਸੀ. ਸੀ. ਕ੍ਰਿਕ੍ਰਟ ਟਰਾਇਲ ਗਾਂਧੀ ਗਰਾਊਂਡ ਵਿਖੇ 7 ਜਨਵਰੀ ਨੂੰ ਹੋ ਰਹੇ ਹਨ। ਇਹ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੇ ਦੇ ਸੈਕਟਰੀ ਆਈ. ਐੱਸ. ਬਾਜਵਾ ਨੇ ਦੱਸਿਆ ਕਿ ਲੜਕਿਆਂ ਲਈ ਉਮਰ ਵਰਗ ਅੰਡਰ-14, ਅੰਡਰ -16 ਲਈ 7 ਜਨਵਰੀ ਨੂੰ ਸਵੇਰੇ 10 ਵਜੇ ਅਤੇ ਅਤੇ ਅੰਡਰ-19 ਕੁੜੀਆਂ ਅਤੇ ਸੀਨੀਅਰ ਲੜਕੀਆਂ ਲਈ ਦੁਪਹਿਰ ਦੋ ਵਜੇ ਲਏ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਲਈ ਖਿਡਾਰੀ ਦਾ ਡਿਜੀਟਲ ਜਨਮ ਸਰੀਫਿਕੇਟ, ਆਧਾਰ ਕਾਰਡ, ਪਾਸਪੋਰਟ ਜੇਕਰ ਹੋਵੇ ਅਤੇ ਸਕੂਲ ਸਰਟੀਫਿਕੇਟ ਨਾਲ ਲਿਆਉਣਾ ਅਤੇ ਸਫੈਦ ਰੰਗ ਦੀ ਨਿਰਧਾਰਿਤ ਖੇਡ ਯੂਨੀਫਾਰਮ 'ਚ ਹੋਣਾ ਲਾਜ਼ਮੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਟਰਾਇਲਾਂ ਲਈ ਕੋਈ ਫੀਸ ਨਹੀਂ ਲਈ ਜਾ ਰਹੀ।

ਪਾਕਿ 'ਚ ਨਾਬਾਲਗ ਹਿੰਦੂ ਲੜਕੀ ਦਾ ਧਰਮ ਪਰਿਵਰਤਨ

ਅੰਮ੍ਰਿਤਸਰ, 3 ਜਨਵਰੀ (ਸੁਰਿੰਦਰ ਕੋਛੜ)-ਪਾਕਿਸਤਾਨ ਦੇ ਸੂਬਾ ਸਿੰਧ ਦੇ ਸ਼ਹਿਰ ਬਦੀਨ ਦੀ ਤਹਿਸੀਲ ਗੋਲਾਰਚੀ 'ਚ 15 ਸਾਲਾਂ ਹਿੰਦੂ ਲੜਕੀ ਰਜਨੀ (ਬਦਲਿਆ ਨਾਂਅ) ਨੂੰ ਅਗਵਾ ਕਰਨ ਵਾਲੇ 41 ਸਾਲਾਂ ਅਮਾਨਉੱਲਾ ਨੇ ਉਸ ਨਾਲ ਇਲਾਕੇ ਦੇ ਮੌਲਵੀ ਦੀ ਹਾਜ਼ਰੀ 'ਚ ਨਿਕਾਹ ਕਰ ਲਿਆ। ਇਹ ਵੀ ਜਾਣਕਾਰੀ ਮਿਲੀ ਹੈ ਕਿ ਉਕਤ ਹਿੰਦੂ ਨਾਬਾਲਗ ਦੇ ਫ਼ਰਜ਼ੀ ਦਸਤਾਵੇਜ਼ ਤਿਆਰ ਕਰਕੇ ਉਸ ਦਾ ਧਰਮ ਪਰਿਵਰਤਨ ਕਰਵਾਇਆ ਗਿਆ ਹੈ ਅਤੇ ਇਸਲਾਮ ਕਬੂਲ ਕਰਵਾਏ ਜਾਣ ਤੋਂ ਬਾਅਦ ਉਸ ਦਾ ਨਾਂਅ ਫ਼ਾਤਿਮਾ ਸ਼ੇਖ਼ ਰੱਖ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਪੀੜਤ ਲੜਕੀ ਦੇ ਮਾਪਿਆਂ ਵਲੋਂ ਪੁਲਿਸ ਨੂੰ ਅਗਵਾ ਦਾ ਮਾਮਲਾ ਦਰਜ ਕਰਨ ਦੀ ਅਪੀਲ 'ਤੇ ਪੁਲਿਸ ਨੇ ਉਨ੍ਹਾਂ ਨੂੰ ਇਹ ਕਹਿ ਕੇ ਵਾਪਸ ਭੇਜ ਦਿੱਤਾ ਉਨ੍ਹਾਂ ਦੀ ਲੜਕੀ ਕੁਝ ਦਿਨਾਂ ਤੱਕ ਖ਼ੁਦ ਹੀ ਘਰ ਪਰਤ ਆਵੇਗੀ।

ਰਜਨੀ ਬਨਾਮ ਫ਼ਾਤਿਮਾ ਸ਼ੇਖ਼ ਅਤੇ ਅਮਾਨਉੱਲਾ। ਤਸਵੀਰ : ਸੁਰਿੰਦਰ ਕੋਛੜ ਰਾਹੀਂ

ਜਸਬੀਰ ਸਿੰਘ ਰਤਨ ਜ਼ਿਲ੍ਹਾ ਅਕਾਲੀ ਜਥਾ ਸ਼ਹਿਰੀ ਦੇ ਸੀਨੀਅਰ ਮੀਤ ਪ੍ਰਧਾਨ ਨਿਯੁਕਤ

ਛੇਹਰਟਾ, 3 ਜਨਵਰੀ (ਪੱਤਰ ਪ੍ਰੇਰਕ)-ਸ਼੍ਰੋਮਣੀ ਅਕਾਲੀ ਦਲ (ਬ) ਦੇ ਜ਼ਿਲ੍ਹਾ ਅਕਾਲੀ ਜਥਾ ਸ਼ਹਿਰੀ ਪ੍ਰਧਾਨ